# ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਓ.ਬੀ.ਸੀ. ਸਟੂਡੈਂਟਸ

## ਸਕੀਮ ਦੀ ਜਾਣ ਪਹਿਚਾਣ

ਇਹ ਸਕੀਮ ਭਾਰਤ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਹੈ। ਹੋਰ ਪੱਛੜੀਆਂ ਸ੍ਰੇਣੀਆਂ ਦੇ ਅਜਿਹੇ ਪਰਿਵਾਰ, ਜਿਨ੍ਹਾਂ ਦੀ ਸਾਲਾਨਾ ਆਮਦਨ 1.00 ਲੱਖ ਰੁਪਏ ਤੋਂ ਘੱਟ ਹੋਵੇ, ਨਾਲ ਸਬੰਧਤ ਪੋਸਟ ਮੈਟ੍ਰਿਕ ਕਲਾਸ, 10+2, ਡਿਗਰੀ ਕੋਰਸ, ਮਾਸਟਰ ਡਿਗਰੀ ਕੋਰਸ, ਪ੍ਰੋਫੈਸ਼ਨਲ ਕੋਰਸ ਆਦਿ ਵਿੱਚ ਪੜ੍ਹ ਰਹੇ ਹੋਰ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਇਸ ਸਕੀਮ ਤਹਿਤ ਵਜੀਫਾ ਅਤੇ ਨਾ ਮੋੜਣਯੋਗ ਜ਼ਰੂਰੀ ਫੀਸਾਂ ਦੇ ਕਲੇਮਾਂ ਦੀ ਅਦਾਇਗੀ ਕੀਤੀ ਜਾਂਦੀ ਹੈ। ਇਹ ਸਕੀਮ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਿਜ), ਡਾਇਰੈਕਟਰ, ਸਿੱਖਿਆ ਵਿਭਾਗ (ਸਕੂਲਜ਼), ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ (ਪੋਲੀ: ਵਿੰਗ ਅਤੇ ਆਈ.ਟੀ.ਆਈ ਵਿੰਗ) ਅਤੇ ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

## ਸਕੀਮ ਦਾ ਮੰਤਵ

ਇਸ ਸਕੀਮ ਦਾ ਮੁੱਖ ਮੰਤਵ ਹੋਰ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਵਾਉਣ ਲਈ, ਉਨ੍ਹਾਂ ਨੂੰ ਵਿੱਤੀ ਸਹਾਇਤਾ ਦੇਣਾ ਹੈ। ਵਜੀਫੇ ਦੇ ਨਾਲ ਨਾਲ ਯੋਗ ਵਿਦਿਆਰਥੀਆਂ ਨੂੰ ਨਾ-ਮੋੜਣਯੋਗ ਫੀਸਾਂ ਦੀ ਪ੍ਰਤੀ ਪੂਰਤੀ ਵੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ।

## ਸਕੀਮ ਦੇ ਨਾਰਮਜ਼

ਇਸ ਸਕੀਮ ਤਹਿਤ ਜਿਹੜੇ ਹੋਰ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 1.00 ਲੱਖ ਰੁਪਏ ਤੋਂ ਘੱਟ ਹੋਵੇ ਅਤੇ ਉਹ ਪੰਜਾਬ ਰਾਜ ਦਾ ਵਸਨੀਕ ਹੋਵੇ, ਨੂੰ ਇਹ ਲਾਭ ਇੱਕ ਪਰਿਵਾਰ ਵਿੱਚੋਂ ਦੋ ਬੱਚਿਆਂ ਲਈ ਦਿੱਤਾ ਜਾਂਦਾ ਹੈ।

## ਸਹੂਲਤਾਂ ਪ੍ਰਦਾਨ ਕਰਨ ਦੀ ਵਿਧੀ

ਵੱਖ ਵੱਖ ਕੋਰਸਾਂ ਅਤੇ ਵਿਦਿਅਕ ਸੰਸਥਾਵਾਂ ਵਿਚ ਦਾਖਲਾ ਪ੍ਰਾਪਤ ਕਰਨ ਤੋਂ ਬਾਅਦ , ਹੋਰ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਵੱਲੋਂ ਇਸ ਸਕੀਮ ਦਾ ਲਾਭ ਲੈਣ ਲਈ ਅਸ਼ੀਰਵਾਦ ਪੋਰਟਲ ਸਾਲ 2013-14 ਤੋਂ ਵਿਦਿਆਰਥੀਆਂ ਦੀ ਆਨ ਲਾਈਨ ਰਜਿਸਟਰੇਸ਼ਨ ਲਈ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਹੈ, ਜਿਸ ਤੇ ਯੋਗ ਵਿਦਿਆਰਥੀਆਂ ਵੱਲੋਂ ਅਪਲਾਈ ਕੀਤਾ ਜਾਣਾ ਹੁੰਦਾ ਹੈ ਅਤੇ ਆਪਣੇ ਸਾਰੇ ਦਸਤਾਵੇਜ਼ਾਂ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਸਬੰਧਤ ਕਾਲਜਾਂ ਪਾਸ ਜਮ੍ਹਾਂ ਕਰਵਾਉਣੀਆਂ ਹੁੰਦੀਆਂ ਹਨ। ਇਸ ਤੋਂ ਬਾਅਦ ਸਬੰਧਤ ਕਾਲਜ ਆਪਣੀ ਅਲਾਟ ਹੋਈ ਸੈਂਕਸ਼ਨ ਅਥਾਰਟੀ ਰਾਹੀਂ ਆਨ ਲਾਈਨ ਪ੍ਰਾਪਤ ਹੋਏ ਕੇਸਾਂ ਨੂੰ ਨੋਡਲ ਅਫਸਰਾਂ/ ਲਾਗੂਕਰਤਾ ਵਿਭਾਗਾਂ ਰਾਹੀਂ ਭਲਾਈ ਵਿਭਾਗ ਨੂੰ ਭੇਜਦਾ ਹੈ। ਭਲਾਈ ਵਿਭਾਗ ਇਨ੍ਹਾਂ ਕੇਸਾਂ ਨੂੰ ਵਿਭਾਗ-ਵਾਈਜ਼ ਪੂਰੇ ਰਾਜ ਦੇ ਵਿਦਿਆਰਥੀਆਂ ਦੀ ਸੂਚਨਾ ਇੱਕਤਰ ਕਰਕੇ ਸਰਕਾਰ ਰਾਹੀਂ ਭਾਰਤ ਸਰਕਾਰ ਨੂੰ ਫੰਡਜ਼ ਪ੍ਰਾਪਤ ਕਰਨ ਹਿੱਤ ਭੇਜਦਾ ਹੈ। ਫੰਡਜ਼ ਪ੍ਰਾਪਤ ਹੋਣ ਉਪਰੰਤ ਸਰਕਾਰ

ਸਹੂਲਤਾਂ ਦਾ ਵੇਰਵਾ

ਹੋਰ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਵਜੀਫਾ ਦੇਣ ਲਈ ਹੇਠ ਲਿਖੇ ਅਨੁਸਾਰ ਚਾਰ ਗਰੁੱਪ ਬਣਾਏ ਗਏ ਹਨ:-

| | ਕੋਰਸਾਂ ਦਾ ਨਾਮ | ਹੋਸਟਲਰਜ਼ | ਡੇ-ਸਕਾਲਰਜ਼ |
|---|---|---|---|
| ਗਰੁੱਪ-1 | ਡਿਗਰੀ ਅਤੇ ਪੋਸਟ ਗਰੈਜੂਏਟ ਪੱਧਰ ਕੋਰਸ (ਇੰਨਕਲੂਡਿੰਗ ਐਮ.ਫਿਲ, ਪੀ.ਐਚ.ਡੀ. ਅਤੇ ਪੋਸਟ ਡਾਕਟਰੇਲ ਰਿਸਰਚ ਇੰਨ ਮੈਡੀਸ਼ੀਅਨ (ਐਲੋਪੈਥਿਕ, ਇੰਡੀਅਨ ਐਂਡ ਅਦਰ ਰੀਕੋਗਨਾਈਜ਼ਡ ਸਿਸਟਮ ਆਫ ਮੈਡੀਸਨਜ਼) ਇੰਜਨੀਅਰਿੰਗ, ਟੈਕਨਾਲੋਜੀ, ਪਲਾਨਿੰਗ, ਆਰਕੀਟੈਕਚਰ, ਡਿਜਾਇਨ, ਫੈਸ਼ਨ ਟੈਕਨਾਲੋਜੀ, ਐਗਰੀਕਲਚਰ, ਵੈਟਰਨਰੀ ਐਂਡ ਅਲਾਈਡ ਸਾਇੰਸਿਜ, ਮੈਨੇਜਮੈਂਟ, ਬਿਜਨਸ ਫਾਈਨਾਂਸ/ ਐਡਮਿਨੀਸਟਰੇਸ਼ਨ, ਕੰਪਿਊਟਰ ਸਾਇੰਸ/ਐਪਲੀਕੇਸ਼ਨਜ਼।<br>(ii) ਕਮਰਸ਼ੀਅਲ ਪਾਇਲਟ ਲਾਇਸੰਸ(ਇੰਨਕਲੂਡਿੰਗ ਹੈਲੀਕਪਟਰ ਪਾਇਲਟ ਐਂਡ ਮਲਟੀਇੰਜਨ ਰੇਟਿੰਗ) ਕੋਰਸ।<br>(iii) ਪੋਸਟ ਗਰੈਜੂਏਟ ਡਿਪਲੋਮਾ ਕੋਰਸਿਜ਼ ਇੰਨ ਵੇਰੀਅਸ ਬਰਾਂਚਿਜ਼ ਆਫ ਮੈਨੇਜਮੈਂਟ ਐਂਡ ਮੈਡੀਸਨ।<br>(iv) ਸੀ.ਏ/ਆਈ.ਸੀ.ਡਬਲਿਯੂ.ਏ/ਸੀ.ਐਸ/ਆਈ.ਸੀ.ਐਫ.ਏ. ਆਦਿ<br>(v) ਐਮ.ਫਿਲ, ਪੀ.ਐਚ.ਡੀ ਐਂਡ ਪੋਸਟ ਡੋਕਟਰਲ ਪ੍ਰੋਗਰਾਮਸ (ਡੀ. ਲਿਟ. ਡੀ.ਐਸੀਸੀ. ਆਦਿ) ਗਰੁੱਪ 1, ਗਰੁੱਪ II ਐਂਡ ਗਰੁੱਪ III ਕੋਰਸਿਜ<br>(vi) ਐਲ.ਐਲ.ਐਮ. | 750/-ਰੁਪਏ | 350/-ਰੁਪਏ |
| ਗਰੁੱਪ-2 | ਪ੍ਰੋਫੈਸ਼ਨਲ ਕੋਰਸਿਜ਼ ਲੀਡਿੰਗ ਟੂ ਡਿਗਰੀ, ਡਿਪਲੋਮਾ, ਸਰਟੀਫਿਕੇਟ ਇੰਨ ਏਰੀਅਜ਼ ਲਾਈਕ ਫਾਰਮੈਸੀ (ਬੀ-ਫਾਰਮਾ), ਨਰਸਿੰਗ (ਬੀ ਨਰਸਿੰਗ), ਐਲ.ਐਲ.ਬੀ, ਬੀ.ਐਫ.ਐਸ, ਅਦਰ ਪੈਰਾ ਮੈਡੀਕਲ ਬਰਾਂਚਿਜ ਲਾਈਕ ਰਿਹੈਬਲੀਟੇਸ਼ਨ ਡਿਆਗਨੋਸਟਿੰਗ ਆਦਿ, ਮਾਸ ਕਮਿਊਨੀਕੇਸ਼ਨ, ਹੋਟਲ ਮੈਨੇਜਮੈਂਟ ਐਂਡ ਕੈਟਰਿੰਗ, ਟਰੇਵਲ/ਟੂਰਿਜ਼ਮ/ਹੋਸਪੀਟੈਲਟੀ ਮੈਨੇਜਮੈਂਟ, ਇੰਟਰੀਅਰ ਡੈਕੋਰੇਸ਼ਨ, ਨਿਊਟਰੇਸ਼ਨ ਐਂਡ ਡਾਈਟਿਸਟ, ਕਮਰਸ਼ੀਅਲ ਆਰਟ, ਫਾਈਨਾਂਸਲ ਸਰਵਿਸਿਜ਼ ( ਬੈਕਿੰਗ, ਐਸ਼ੋਰੈਂਸ, ਟੈਕਸੇਸ਼ਨ ਆਦਿ) ਫਾਰ ਵਿਚ ਐਂਟਰਸ ਕੁਆਲੀਫਿਕੇਸ਼ਨ ਇਜ ਮੀਨੀਮਮ ਸੀਨੀਅਰ ਸੈਕੰਡਰੀ (10+2)।<br>(ii) ਪੋਸਟ ਗਰੈਜੂਏਟ ਕੋਰਸਿਜ਼ ਨਾਟ ਕਵਰਡ ਅੰਡਰ ਗਰੁੱਪ I ਐਮ.ਏ./ਐਮ.ਐਸ.ਸੀ/ਐਮ.ਕਾਮ/ਐਮ.ਐਡ/ਐਮ.ਫਾਰਮਾ ਆਦਿ | 510/-ਰੁਪਏ | 335/-ਰੁਪਏ |
| ਗਰੁੱਪ-III | ਆਲ ਕੋਰਸਿਜ਼ ਲੀਡਿੰਗ ਟੂ ਏ ਗਰੈਜੂਏਟ ਡਿਗਰੀ ਨਾਟ ਕਵਰਡ ਅੰਡਰ ਗਰੁੱਪ I ਐਂਡ II ਬੀ.ਏ/ਬੀ.ਐਸ.ਸੀ/ਬੀ.ਕਾਮ ਆਦਿ | 400/-ਰੁਪਏ | 210/-ਰੁਪਏ |
| ਗਰੁੱਪ-IV | ਆਲ ਪੋਸਟ ਮੈਟ੍ਰੀਕੂਲੇਸ਼ਨ ਲੈਵਲ ਨਾਨ ਡਿਗਰੀ ਕੋਰਸਿਜ਼ ਫਾਰ ਵਿਚ ਐਂਟਰਸ ਕੁਆਲੀਫਿਕੇਸ਼ਨ ਇਜ਼ ਹਾਈ ਸਕੂਲ (ਕਲਾਸ X) e.g.ਸੀਨੀਅਰ ਸੈਕੰਡਰੀ ਸਰਟੀਫਿਕੇਟ (ਕਲਾਸ XI ਐਂਡ XII) ਬੋਥ ਜਨਰਲ ਐਂਡ ਵੋਕੇਸ਼ਨਲ ਸਟਰੀਮ ਆਈ.ਟੀ.ਆਈ ਕੋਰਸਿਜ਼, 3 ਸਾਲਾਂ ਡਿਪਲੋਮਾ ਕੋਰਸਿਜ ਇੰਨ ਪੋਲੀਟੈਕਨਿਕ ਆਦਿ। | 260/-ਰੁਪਏ | 160/-ਰੁਪਏ |